੧ ਓ ਸਤਿਗੁਰ ਪ੍ਰਸਾਦਿ ॥

# ਚੰਦ੍ਰਕਾਂਤਾ ਹਿੱਸਾ ਤੀਸਰਾ

## ਪਹਿਲਾ ਕਾਂਡ

ਓਹ ਸੁੰਦਰ ਇਸਤ੍ਰੀ ਜਿਸ ਦੇ ਹਥ ਵਿਚ ਪੋਥੀ ਅਤੇ ਜੋ ਸਭਨਾਂ ਇਸਤ੍ਰੀਆਂ ਦੇ ਅਗੇ ੨ ਆ ਰਹੀ ਹੈ, ਕੌਣ ਅਤੇ ਕਿਥੋਂ ਦੀ ਰਹਿਣ ਵਾਲੀ ਹੈ ਜਦ ਤਕ ਇਸ ਗਲ ਦਾ ਪਤਾ ਨਾ ਲਗ ਜਾਵੇ ਤਦ ਤਕ ਅਸੀ ਓਸ ਨੂੰ ਬਨ ਕੰਨਯਾਂ ਲਿਖਾਂ ਗੇ।

ਹੌਲੀ ੨ ਤੁਰਕੇ ਬਨ ਕੰਨਯਾਂ ਜਦ ਉਨ੍ਹਾਂ ਬ੍ਰਿਛਾਂ ਦੇ ਪਾਸ ਪਹੁੰਚੀ ਜਿਥੇ ਬ੍ਰਿਛ ਦੇ ਓਹਲੇ ਕੌਰ ਬੀਰੇਂਦਰ ਸਿੰਘ ਜੀ ਲੁਕੇ ਹੋਏ ਸਨ ਤਾਂ ਠੈਹਰ ਗਈ ਅਤੇ ਪਿਛਾਹਾਂ ਮੁੜਕੇ ਵੇਖਿਆ। ਓਸਦੇ ਨਾਲ ਇਕ ਹੋਰ ਜੁਵਾਨ ਕੋਮਲ ਅਤੇ ਚੰਚਲ ਇਸਤ੍ਰੀ ਆਪਣੇ ਹਥ ਵਿਚ ਇਕ ਮੂਰਤ ਲਈ ਤੁਰੀ ਆਉਂਦੀ ਸੀ, ਓਹ ਬਨ ਕੰਨਯਾਂ ਨੂੰ ਆਪਨੇ ਵੱਲ ਤਕਦਿਆਂ ਵੇਖਕੇ ਅਗਾਹਾਂ ਵਧ ਆਈ, ਬਨ ਕੰਨਯਾਂ ਨੇ ਪੋਥੀ ਓਸਦੇ ਹੱਥ ਵਿਚ ਦੇ ਦਿਤੀ ਅਤੇ ਮੂਰਤ ਲੈ ਲਈ।

ਮੂਰਤ ਵੱਲ ਦੇਖਕੇ ਓਸਨੇ ਹਉਕਾ ਭਰਿਆ ਨਾਲ ਹੀ ਅਖਾਂ ਭਰ ਅਈਆਂ ਸਗੋਂ ਕਈ ਅਥਰੂ ਭੀ ਕਿਰ ਪਏ। ਏਨੇ ਨੂੰ ਕੁਮਾਰ ਦੀ ਨਜ਼ਰ ਭੀ ਓਸ ਮੂਰਤ ਉੱਤੇ ਜਾ ਪਈ ਇਕ ਟਕ ਲਾਈ ਦੇਖਦੇ ਰਹੇ ਜਦ ਬਨ ਕੰਨਯਾਂ ਬਹੁਤ ਦੂਰ ਨਿਕਲ ਗਈ ਤਦ ਫਤੇ ਸਿੰਘ ਨਾਲ ਗਲ ਬਾਤ ਕਰਨ ਲਗੇ।

ਕੁਮਾਰ—ਕਿਉਂ ਫਤੇ ਸਿੰਘ ਜੀ ਤੁਸੀ ਕੁਝ ਜਾਣਦੇ ਹੋ ਇਹ ਕੌਣ ਹੈ ?

ਮਹਾਰਾਜ ਸ਼ਿਵਦਤ ਨੂੰ ਛਡਕੇ ਕੁਮਾਰ ਦੇ ਨੌਕਰ ਹੋ ਜਾਓ।

ਬਦਰੀ–ਸਾਨੂੰ ਓਹ ਪੋਥੀ ਦਿਖਾ ਦੇਵੋ ਅਸੀ ਹੁਣੇ ਤੁਹਾਡੇ ਨੌਕਰ ਹੋ ਜਾਂਦੇ ਹਾਂ।

ਤੇਜ–ਤੁਸੀਂ ਹੀ ਕਿਉਂ ਨਹੀਂ ਦਿਖਾ ਦੇਂਦੇ ਜਦ ਤੁਹਾਡੇ ਪਾਸ ਨਹੀਂ ਰਹੀ ਤਾਂ ਸਾਬਤ ਹੋਗਿਆ ਕਿ ਅਸੀਂ ਲੈ ਗਏ।

ਬਦਰੀ–ਬਸ ਬਸ ਹੁਣ ਅਸੀਂ ਬੇਫਿਕਰ ਹੋ ਗਏ ਹਾਂ, ਤੁਹਾਡੀ ਗਲ ਬਾਤ ਤੋਂ ਮਲੂਮ ਹੋ ਗਿਆ ਕਿ ਪੋਥੀ ਤੁਹਾਡੇ ਹਥ ਨਹੀਂ ਆਈ ਕੋਈ ਤੀਸਰਾ ਹੀ ਉਡਾਕੇ ਲੈ ਗਿਆ ਹੈ ਅਸੀਂ ਹੁਣ ਤਕ ਡਰੇ ਹੋਏ ਸਾਂ।

ਦੇਵੀ–ਫੇਰ ਛੇਕੜ ਹਾਰਿਆ ਕੌਣ ਏਹ ਭੀ ਤਾਂ ਦਸੋ?

ਬਦਰੀ–ਕੋਈ ਭੀ ਨਾ ਹਾਰਿਆ।

ਕੁਮਾਰ–ਹਛਾ ਇਹ ਤਾਂਦਸੋਤੁਸੀਂਕਿਸਤਰਾਂ ਮੁਕਤੀਪਾਈ?

ਬਦਰੀ–ਬਸ ਈਸ਼ਵਰ ਨੇ ਛੁਡਾ ਦਿਤਾ ਜਾਣ ਬੁਝਕੇ ਤਾਂ ਕੋਈ ਜਤਨ ਨਹੀਂ ਕੀਤਾ, ਪੰਨਾ ਲਾਲ ਨੇ ਓਸਦੇ ਸਿਰ ਉਤੇ ਇਕ ਲਕੜ ਰਖ ਦਿਤੀ ਓਸ ਪਥਰ ਦੇ ਆਦਮੀ ਨੇ ਸਾਨੂੰ ਛਡ ਦਿਤਾ ਅਤੇ ਲਕੜ ਫੜ ਲਈ, ਬਸ ਅਸੀਂ ਛੁਟ ਗਏ ਅਜੇ ਤਕ ਲਕੜ ਓਸਦੇ ਹਥ ਵਿਚ ਹੈ।

ਕੁਮਾਰ–ਚੰਗਾ ਹੋਇਆ ਦੋਹਾਂ ਦੀ ਰਹਿ ਆਈ।

ਬਦਰੀ–ਕੁਮਾਰ! ਮੇਰਾ ਜੀ ਤਾਂ ਕਰਦਾ ਹੈ ਕਿ ਤੁਹਾਡੇ ਨਾਲ ਰਹਾਂ ਪਰ ਕੀ ਕਰਾਂ ਲੂਣ ਹਰਾਮੀ ਨਹੀਂ ਕਰ ਸਕਦਾ ਕੋਈ ਸਬਬ ਤਾਂ ਅਜਿਹਾ ਹੋਣਾ ਚਾਹੀਦਾ ਹੈ। ਹਛਾ ਹੁਣ ਸਾਨੂੰ ਆਗਿਆ ਹੋਵੇ ਤਾਂ ਜਾਈਏ।

ਕੁਮਾਰ ਹਛਾ ਜਾਓ।



ਜੋਤਸ਼ੀ–ਹਛਾ ਜੇ ਸਾਡੇ ਵਲ ਨਹੀਂ ਹੁੰਦੇ ਤਾਂ ਨਾਂ ਸਹੀ ਏਯਾਰੀ ਤਾਂ ਬੰਦ ਕਰੋ।

ਤੇਜ–ਵਾਹ ਜੋਤਸ਼ੀ ਜੀ ਛੇਕੜ ਵੇਦ ਪਾਠੀ ਹੀ ਨਿਕਲੇ ਏਯਾਰੀ ਤੋਂ ਕੀ ਡਰਨਾ? ਜਿੰਨਾਂ ਏਨ੍ਹਾਂ ਦਾ ਜੋਰ ਲਗੇ ਲਾ ਲੈਣ।

ਪੰਨਾ–ਹੱਛਾ ਦੇਖੀ ਜਾਊ ਹੁਣ ਤਾਂ ਜਾਂਦੇ ਹਾਂ 'ਜੈ ਮਾਯਾ ਦੀ'

ਤੇਜ–ਜੈ ਮਾਯਾ ਦੀ।

ਬਦ੍ਰੀ ਨਾਥ ਆਦਿਕ ਓਥੋਂ ਚਲੇ ਗਏ, ਫੇਰ ਕੁਮਾਰ ਭੀ ਤਲਿਸਮ ਦੇ ਅੰਦਰ ਨਾਂ ਗਏ ਅਤੇ ਮੁੜਕੇ ਆਪਣੇ ਡੇਰੇ ਵਿਚ ਆ ਬੈਠੇ। ਰਾਤ ਨੂੰ ਕੁਮਾਰ ਦੇ ਡੇਰੇ ਵਿਚ ਸਾਰੇ ਏਯਾਰ ਅਤੇ ਫਤੇ ਸਿੰਘ ਜੀ ਕਠੇ ਹੋਏ। ਦਰਬਾਨਾਂ ਨੂੰ ਹੁਕਮ ਦਿਤਾ ਕਿ ਅੰਦਰ ਕੋਈ ਨਾ ਆਵੇ। ਤੇਜ ਸਿੰਘ ਨੇ ਪੁਛਿਆ ਕਿ ਹੁਣ ਦਸੋ ਓਹ ਪੋਥੀ ਕਿਸਦੇ ਹੱਥ ਵਿਚ ਦੇਖੀ ਸੀ ਓਹ ਕੌਣ ਸੀ ਅਤੇ ਤੁਸਾਂ ਓਸਦੇ ਹਥੋਂ ਖੋਹ ਕਿਉਂ ਨਾਂ ਲਈ।

ਕੁਮਾਰ ਨੇ ਉਤਰ ਦਿਤਾ ਏਹ ਤਾਂ ਮੈਂ ਨਹੀਂ ਜਾਣਦਾ ਕਿ ਓਹ ਕੌਣ ਸੀ ਪਰ ਜੋ ਹੋਵੇ ਜੇ ਚੰਦ੍ਰਕਾਂਤਾ ਕੋਲੋਂ ਵਧਕੇ ਨਹੀਂ ਤਾਂ ਓਸ ਪਾਸੋਂ ਘੱਟ ਭੀ ਨਹੀਂ ਹੈ ਬਸ ਉਸਦੀ ਸੁੰਦ੍ਰਤਾ ਨੇ ਉਸ ਕੋਲੋਂ ਪੋਥੀ ਖੋਹਣ ਨਹੀਂ ਦਿਤੀ।

ਤੇਜ–(ਹੈਰਾਨੀ ਨਾਲ) ਹੈਂ! ਕੁਮਾਰੀ ਚੰਦ੍ਰਕਾਂਤਾ ਦਾ ਪੋਥੀ ਨਾਲ ਕੀ ਸੰਬੰਧ? ਪੂਰਾ ਹਾਲ ਦਸੋ ਤਾਂ ਕੁਝ ਮਲੂਮ ਵੀ ਹੋਵੇ।

ਕੁਮਾਰ–(ਉਚੀ ਸਾਹ ਲੈਕੇ) ਕੀ ਕਰੀਏ! ਸਾਡਾ ਤਾਂ ਅਜਬ ਹਾਲ ਹੈ!

ਤੇਜ ਤੁਹਾਡੀ ਤਾਂ ਦਸ਼ਾ ਹੀ ਵਿਗੜ ਰਹੀ ਹੈ ਕੁਝ ਸਮਝ ਵਿਚ ਨਹੀਂ ਆਉਂਦਾ। (ਫਤੇ ਸਿੰਘ ਵਲ ਦੇਖਕੇ) ਤੁਸੀ ਭੀ ਤਾਂ

ਏਨਾਂ ਦੇ ਨਾਲ ਸਾਓ ਤੁਸੀਂ ਹੀ ਦਸੋ ਕਿ ਕੀ ਗਲ ਹੈ ਏਹ ਤਾਂ ਬਾਰਾਂ ਵਾਰੀ ਲੰਮੇ ੨ ਸਾਹ ਲੈਣਗੇ ਫੇਰ ਡੂਢ ਗਲ ਆਖਣਗੇ ਏਹਨਾਂ ਨੂੰ ਤਾਂ ਥਾਂ ੨ ਤੇ ਇਸ਼ਕ ਕੁਦਦਾ ਪਿਆ ਹੈ ਇਕ ਬਲਾ ਤੋਂ ਛੁਟੇ ਨਹੀਂ ਦੂਸਰੀ ਬਲਾ ਸਹੇੜਨ ਨੂੰ ਤਿਆਰ ਹੋ ਪਏ ਹਨ।

ਫਤੇ ਸਿੰਘ ਨੇ ਸਾਰਾ ਪੂਰਾ ੨ ਹਾਲ ਦਸਿਆ, ਤੇਜ ਸਿੰਘ ਜੀ ਬੜੇ ਹੈਰਾਨ ਹੋਏ ਕਿ ਓਹ ਕੌਣ ਸੀ ਅਤੇ ਓਸਨੇ ਕੁਮਾਰ ਨੂੰ ਅਗੇ ਕਦੋਂ ਦੇਖਿਆ ਸੀ ਕਦੋਂ ਮੋਹਿਤ ਹੋਈ ਤੇ ਮੂਰਤ ਕਿਸਤਰਾਂ ਲੁਹਾਈ।

ਜੋਤਸ਼ੀ ਜੀ ਨੇ ਕਈ ਵਾਰੀ ਰਮਲ ਸੁਟਿਆ ਪਰ ਪੂਰਾ ੨ ਹਾਲ ਨਾਂ ਹੀ ਮਲੂਮ ਹੋ ਸਕਿਆ, ਹਾਂ ਇਨਾ ਕਿਹਾ ਕਿ ਕਿਸੇ ਰਾਜੇ ਦੀ ਧੀ ਹੈ। ਅਧੀ ਰਾਤ ਤਕ ਸਾਰੇ ਬੈਠੇ ਰਹੇ ਪਰ ਕੋਈ ਕੰਮ ਨਾ ਸੌਰਿਆ ਛੇਕੜ ਏਹ ਸਲਾਹ ਠਹਿਰੀ ਕਿ ਜਿਸਤਰਾਂ ਹੋ ਸਕੇ ਓਹਨਾਂ ਇਸਤ੍ਰੀਆਂ ਨੂੰ ਢੂੰਡਣਾ ਚਾਹੀਦਾ ਹੈ।

ਸਾਰੇ ਆਦਮੀ ਅਪੋ ਆਪਣੇ ਡੇਰੇ ਅਰਾਮ ਕਰਨ ਚਲੇ ਗਏ, ਰਾਤ ਭਰ ਕੁਮਾਰ ਨੂੰ ਬਨ ਕੰਨਯਾਂ ਦੀ ਯਾਦ ਨੇ ਸੌਣ ਨਹੀਂ ਦਿਤਾ, ਕਦੀ ਓਸਦੀ ਭੋਲੀ ੨ ਸੂਰਤ ਯਾਦ ਕਰਦੇ ਤੇ ਕਦੇ ਓਸਦੀ ਚਾਲ ਉਤੇ ਭੁਲ ਜਾਂਦੇ, ਕਦੀ ੨ ਓਸਦੀਆਂ ਅਖਾਂ ਵਿਚੋਂ ਡਿਗਦੇ ਹੋਏ ਅਥਰੂਆਂ ਦੇ ਧਿਆਨ ਵਿਚ ਡੁਬ ਜਾਂਦੇ ਏਸੇ ਤਰਾਂ ਪਾਸੇ ਬਦਲਦੇ ਤੇ ਹਾਉਕੇ ਭਰਦਿਆਂ ਰਾਤ ਬੀਤ ਗਈ ਸਗੋਂ ਕਈਆਂ ਘੜੀਆਂ ਦਿਨ ਚੜ ਆਯਾ ਪਰ ਕੁਮਾਰ ਆਪਣੇ ਪਲੰਘ ਉਤੋਂ ਨਾ ਉਠੇ।

ਤੇਜ ਸਿੰਘ ਨੇ ਆਕੇ ਦੇਖਿਆ ਕਿ ਕੁਮਾਰ ਚਾਦਰ ਨਾਲ ਮੂੰਹ ਢਕੀ ਲੰਮੇ ਪਏ ਹੋਏ ਹਨ, ਮੂੰਹ ਦੇ ਪਾਸੇ ਦਾ ਕਪੜਾ ਸਾਰਾ



ਗਿੱਲਾ ਹੋ ਰਿਰਾ ਹੈ ਦਿਲ ਵਿਚ ਸਮਝ ਗਏ ਕਿ ਬਨ ਕੰਨਯਾਂ ਦਾ ਪਰੇਮ ਪੂਰੀ ਤਰਾਂ ਅਸਰ ਕਰ ਗਿਆ ਹੈ, ਏਸ ਵੇਲੇ ਕੁਛ ਸਮ-ਝਾਉਣਾ ਭੀ ਉਚਿਤ ਨਹੀਂ ਅਵਾਜ਼ ਦਿਤੀ ਤੁਸੀ ਸੁਤੇ ਹੋ ਕਿ ਜਾਗਦੇ?

ਕੁਮਾਰ-(ਮੂੰਹ ਨੰਗਾ ਕਰਕੇ) ਨਹੀਂ ਜਾਗਦੇ ਹਾਂ॥

ਤੇਜ-ਫੇਰ ਉਠੇ ਕਿਉਂ ਨਹੀਂ, ਤੁਸੀ ਤਾਂ ਰੋਜ ਸਵੇਰੇ ਹੀ ਇਸ਼ਨਾਨ ਪੂਜਾ ਆਦਿਕ ਤੋਂ ਵੇਹਲੇ ਹੋ ਜਾਂਦੇ ਸੀ ਅੱਜ ਕੀ ਹੋਗਿਆ ?

"ਨਹੀਂ ਕੁਛ ਨਹੀਂ" ਏਨਾਂ ਕਹਿਕੇ ਕੁਮਾਰ ਉਨ ਬੈਠੇ ਛੇਤੀ ੨ ਇਸ਼ਨਾਨ ਪੂਜਾ ਕਰਕੇ ਭੋਜਨ ਪਾਇਆ. ਤੇਜਾ ਸਿੰਘ ਆਦਿਕ ਏਹਨਾਂ ਤੋਂ ਪਹਿਲਾਂ ਹੀ ਨਿਸਚਿੰਤ ਹੋ ਬੈਠੇ ਸਨ ਅਤੇ ਓਹਨਾਂ ਇਸਤ੍ਰੀਆਂ ਨੂੰ ਢੂੰਡਣ ਲਈ ਜਾਨ ਵਾਸਤੇ ਤਿਆਰ ਸਨ, ਕੁਮਾਰ ਨੇ ਕਿਹਾ ਮੈਂ ਭੀ ਤੁਹਾਡੇ ਨਾਲ ਚਲਦਾ ਹਾਂ ਸਭਨਾਂ ਨੇ ਸਮਝਾਯਾ ਕਿ ਤੁਸੀ ਜਾਕੇ ਕੀ ਕਰੋਗੇ ਅਸੀ ਪਤਾ ਲਾਉਣ ਚਲੇ ਹਾਂ ਤੁਹਾਡੇ ਨਾਲ ਜਾਣ ਕਰਕੇ ਸਾਡਾ ਹਰਜ ਹੋਵੇਗਾ॥

ਕੁਮਾਰ ਨੇ ਕਿਹਾ ਕੋਈ ਹਰਜ ਨਹੀਂ ਹੋਵੇਗਾ ਅਸੀ ਫਤੇ ਸਿੰਘ ਨੂੰ ਆਪਣੇ ਨਾਲ ਲਈ ਚਲਦੇ ਹਾਂ ਤੁਹਾਡਾ ਜਿਥੇ ਜੀ ਕਰੇ ਜਾਣਾ ਅਸੀ ਏਹਨਾਂ ਦੇ ਨਾਲ ਏਧਰ ਓਧਰ ਫਿਰ ਤੁਰਕੇ ਸੈਲ ਕਰਾਂਗੇ। ਤੇਜਾ ਸਿੰਘ ਨੇ ਫੇਰ ਸਮਝਾਇਆ ਕਿਤੇ ਸ਼ਿਵਦੱਤ ਦੇ ਏਯਾਰ ਤੁਹਾਨੂੰ ਧੋਖੇ ਵਿਚ ਨਾ ਫਸਾ ਲੈਣ, ਪਰ ਕੁਮਾਰ ਨੇ ਇਕ ਨਾਂ ਮੰਨੀ। ਛੇਕੜ ਲਾਚਾਰ ਹੋਕੇ ਕੁਮਾਰ ਅਤੇ ਫਤੇ ਸਿੰਘ ਨੂੰ ਨਾਲ ਲੈਕੇ ਜੰਗਲ ਨੂੰ ਤੁਰ ਪਏ।

ਥੋੜੀ ਦੂਰ ਜਾਕੇ ਇਕ ਸੰਘਣੇ ਬਨ ਵਿਚ ਏਹਨਾਂ ਦੋਹਾਂ ਨੂੰ ਇਕ ਠੰਢੀ ਥਾਂ ਤੇ ਬੈਠਾਕੇ ਏਯਾਰ ਲੋਕ ਵਖੋ ਵਖ ਹੋ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.